بِسْمِ اللّٰہِ الرَّحْمٰنِ الرَّحِیْمِ    نَحْمَدُہٗ وَنُصَلِّیْ عَلٰی رَسُوْلِہِ الْکَرِیْمِ    وَعَلٰی عَبْدِہِ الْمَسِیْحِ الْمَوْعُوْدِ
لَا اِلٰہَ اِلَّا اللّٰہُ مُحَمَّدٌ رَّسُوْلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜੰਗੇ ਬਦਰ ਦੇ ਹਵਾਲੇ ਨਾਲ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜੀਵਨੀ ਅਤੇ ਇਤਿਹਾਸਿਕ ਘਟਨਾਵਾਂ ਦਾ ਜ਼ਿਕਰ

ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ
ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 06 ਅਕਤੂਬਰ 2023 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁਦੱ, ਤਾਉਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਅਸਮਾ ਦੇ ਕਤਲ ਦਾ ਕਿੱਸਾ ਜੋ ਪਿਛੱਲੇ ਖ਼ੁਤਬੇ ਵਿਚੱ ਬਿਆਨ ਕੀਤਾ ਸੀ ਅਤੇ ਮੈਂ ਕਿਹਾ ਸੀ ਇਕੱ ਦੂਜਾ ਕਿੱਸਾ ਵੀ ਹੈ ਇਹੋ ਜਿਹਾ। ਦੂਜਾ ਕਿੱਸਾ ਵੀ ਕੇਵਲ ਇਕੱ ਮੰਨਘੜਤ ਕਹਾਣੀ ਹੈ। ਇਹ ਦੂਜਾ ਕਿੱਸਾ ਅਬੂ ਇਫ਼ਕ ਯਹੂਦੀ ਦਾ ਕਤਲ ਹੈ।

ਇਸ ਦੀ ਵਿਆਖਿਆ ਇੰਝ ਬਿਆਨ ਕੀਤੀ ਜਾਂਦੀ ਹੈ ਕਿ ਇਕੱ ਦਿਨ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਸਹਾਬਾ ਨੂੰ ਫ਼ਰਮਾਇਆ : ਕੌਣ ਹੈ ਜੋ ਮੇਰੇ ਲਈ ਉਸ ਖ਼ਬੀਸ ਅਰਥਾਤ ਅਬੂ ਇਫ਼ਕ ਤੋਂ ਨਿਪਟ ਸਕਦਾ ਹੈ। ਅਰਥਾਤ ਕੌਣ ਹੈ ਜੋ ਉਸ ਦਾ ਕੰਮ ਤਮਾਮ ਕਰ ਸਕਦਾ ਹੈ ?

ਇਹ ਵਿਅਕਤੀ ਅਰਥਾਤ ਅਬੂ ਇਫ਼ਕ ਬਹੁਤ ਬੁੱਢਾ ਬੰਦਾ ਸੀ। ਇੱਥੇ ਤਕੱ ਕਿ ਕਿਹਾ ਜਾਂਦਾ ਹੈ ਕਿ ਉਸ ਦੀ ਉਮਰ ਇਕੱ ਸੌ ਵੀਹ ਸਾਲ ਹੋ ਚੁੱਕੀ ਸੀ। ਪਰ ਉਹ ਲੋਕਾਂ ਨੂੰ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਖ਼ਿਲਾਫ਼ ਭੜਕਾਉਂਦਾ ਅਤੇ ਆਪਣੀ ਕਵਿਤਾ ਵਿਚੱ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਖ਼ਿਲਾਫ਼ ਅਪ-ਸ਼ਬਦਾਂ ਦੀ ਵਰਤੋਂ ਕਰਦਾ ਸੀ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਇਸ ਆਦੇਸ਼ ਉੱਤੇ ਹਜ਼ਰਤ ਸਾਲਿਮ ਬਿਨ ਉਮੈਰ ਉੱਠੇ (ਇਹ ਉਹਨਾਂ ਵਿੱਚੋਂ ਸੀ, ਜੋ ਰਬੱ ਦੇ ਡਰ ਨਾਲ ਬਹੁਤ ਰੌਂਦੇ ਸਨ, ਗ਼ਜ਼ਵਾਹ ਬਦਰ ਵਿਚੱ ਵੀ ਸ਼ਾਮਿਲ ਹੋਏ), ਉਹਨਾਂ ਨੇ ਕਿਹਾ : ਮੇਰੇ ਉੱਤੇ ਮੰਨਤ ਹੈ। ਅਰਥਾਤ ਮੈਂ ਜਾਂ ਤਾਂ ਅਬੂ ਇਫ਼ਕ ਨੂੰ ਕਤਲ ਕਰ ਦਿਆਂਗਾ ਜਾਂ ਇਸੇ ਕੋਸ਼ਿਸ਼ ਵਿਚੱ ਆਪਣੀ ਜਾਨ ਦੇ ਦਿਆਂਗਾ। ਸੋ, ਉਸ ਦੇ ਬਾਦ ਆਪ ਮੌਕੇ ਦੀ ਭਾਲ ਵਿਚੱ ਰਹੇ, ਇਕੱ ਦਿਨ ਜਦੱ ਕਿ ਰਾਤ ਦਾ ਸਮਾਂ ਸੀ ਅਤੇ ਬਹੁਤ ਗਰਮੀ ਸੀ ਤਾਂ ਅਬੂ ਇਫ਼ਕ ਆਪਣੇ ਘਰ ਦੇ ਵਿਹੜੇ ਵਿਚੱ ਸੁੱਤਾ ਸੀ। ਆਪ ਨੂੰ ਉਸ ਦੀ ਖ਼ਬਰ ਹੋਈ ਤਾਂ ਛੇਤੀ ਨਾਲ ਗਏ। ਉੱਥੇ ਪਹੁੰਚ ਕੇ ਆਪ ਨੇ ਆਪਣੀ ਤਲਵਾਰ ਅਬੂ ਇਫ਼ਕ ਦੇ ਜਿਗਰ ਉੱਤੇ ਰੱਖੀ ਅਤੇ ਉਸ ਉੱਤੇ ਪੂਰਾ ਭਾਰ ਪਾ ਦਿੱਤਾ। ਇੱਥੇ ਤਕੱ ਕਿ ਤਲਵਾਰ ਉਸ ਦੇ ਪੇਟ ਵਿੱਚੋਂ ਪਾਰ ਹੋ ਕੇ ਬਿਸਤਰੇ ਵਿਚੱ ਖੁਬੱ ਗਈ ਅਤੇ ਨਾਲ ਹੀ ਰਬੱ ਦੇ ਦੁਸ਼ਮਨ ਅਬੂ ਇਫ਼ਕ ਨੇ ਇਕੱ ਡਰਾਉਣੀ ਚੀਕ ਮਾਰੀ। ਆਪ ਉਸ ਨੂੰ ਉਸੇ ਹਾਲ ਵਿਚੱ ਛਡੱ ਕੇ ਉੱਥੋਂ ਮੁੜ

ਆਏ । ਉਸ ਦੀ ਚੀਕ ਸੁਣ ਕੇ ਕਾਹਲੀ ਨਾਲ ਲੋਕ ਦੌੜ੍ਹ ਪਏ ਅਤੇ ਉਸ ਦੇ ਕੁਝੱ ਸਾਥੀ ਉਸੇ ਸਮੇਂ ਉਸ ਨੂੰ ਚੁਕੱ ਕੇ ਮਕਾਨ ਦੇ ਅੰਦਰ ਲੈ ਗਏ । ਪਰ ਉਹ ਰਬੱ ਦਾ ਦੁਸ਼ਮਨ ਇਸ ਢੂੰਗੇ ਵਾਰ ਸਦਕੇ ਮਰ ਗਿਆ ।

ਹਜ਼ੂਰ ਨੇ ਇਸ ਕਿੱਸੇ ਦੀ ਵਿਆਖਿਆ ਵਿਚੱ ਫ਼ਰਮਾਇਆ : ਇਹ ਕਿੱਸਾ ਵੀ ਕਿਸੇ ਭਰੋਸੇਯੋਗ ਸਬੂਤ ਨਾਲ ਰਵਾਯਤ ਨਹੀਂ, ਸਹਾ ਸਿੱਤਾ ਵਿਚੱ ਵੀ ਇਹ ਕਿੱਸਾ ਮੌਜੂਦ ਨਹੀਂ । ਜੀਵਨੀ ਦੀ ਕੁਝੱ ਕਿਤਾਬਾਂ ਵਿਚੱ ਇਸ ਦਾ ਜ਼ਿਕਰ ਮੌਜੂਦ ਹੈ । ਪਰ ਇਤਿਹਾਸ ਦੀ ਕਿਤਾਬਾਂ ਵਿਚੱ ਇਹ ਕਿੱਸਾ ਦਰਜ ਨਹੀਂ ਹੈ ।

ਇਸ ਕਿੱਸੇ ਦੇ ਸੰਬੰਧੀ ਵੀ ਅਸਮਾ ਵਾਂਗ ਇਹ ਗਵਾਹੀ ਬਿਆਨ ਕੀਤੀ ਜਾਂਦੀ ਹੈ ਕਿ ਉਹ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਦੁਸ਼ਮਨੀ ਲਈ ਲੋਕਾਂ ਨੂੰ ਉਭਾਰਦਾ ਸੀ । ਜੰਗੇ ਬਦਰ ਦੇ ਬਾਦ ਇਹ ਹੋਰ ਨਫ਼ਰਤ ਅਤੇ ਵਿਰੋਧਤਾ ਵਿਚੱ ਵਧੱ ਗਿਆ ਅਤੇ ਖੁੱਲੇ ਤੌਰ ਉੱਤੇ ਬਾਗ਼ੀ ਹੋ ਗਿਆ ਸੀ । ਅਬੂ ਇਫ਼ਕ ਦੇ ਕਤਲ ਵਾਲੀ ਰਵਾਯਤ ਦੀ ਅੰਦਰੂਨੀ ਵਿਰੋਧਤਾ ਵੀ ਇਸ ਕਿੱਸੇ ਨੂੰ ਸ਼ਕੱ ਵਿਚੱ ਪਾਉਂਦੀ ਹੈ । ਜਿਵੇਂ ਕਿ ਨੰਬਰ ਇਕੱ ਕਿ ਕਾਤਲ ਵਿਚੱ ਵਿਰੋਧਤਾ ਹੈ : ਇਬਨੇ ਸਅਦ ਅਤੇ ਵਾਕਦੀ ਦੇ ਨਜ਼ਦੀਕ ਅਬੂ ਇਫ਼ਕ ਦੇ ਕਾਤਲ ਸਾਲਿਮ ਬਿਨ ਉਮੈਰ ਸਨ । ਜਦੋਂ ਕਿ ਕੁਝੱ ਹੋਰ ਰਵਾਯਤਾਂ ਵਿਚੱ ਸਾਲਿਮ ਬਿਨ ਅਮਰ ਦਾ ਜ਼ਿਕਰ ਹੈ । ਜਦੋਂ ਕਿ ਇਬਨੇ ਅਕਬਾਹ ਦੇ ਨਜ਼ਦੀਕ ਸਾਲਿਮ ਬਿਨ ਅਬਦੁੱਲਾਹ ਨੇ ਉਸ ਨੂੰ ਕਤਲ ਕੀਤਾ । ਦੂਜਾ ਇਹ ਕਿ ਕਤਲ ਦੇ ਕਾਰਨ ਵਿਚੱ ਵਿਰੋਧਤਾ : ਇਬਨੇ ਹਸ਼ਾਮ ਅਤੇ ਵਾਕਦੀ ਦੇ ਨਜ਼ਦੀਕ ਸਾਲਿਮ ਨੇ ਆਪ ਜੋਸ਼ ਵਿਚੱ ਆ ਕੇ ਉਸ ਨੂੰ ਕਤਲ ਕੀਤਾ । ਜਦੋਂ ਕਿ ਕੁਝੱ ਰਵਾਯਤਾਂ ਅਨੁਸਾਰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਹੁਕਮ ਉੱਤੇ ਉਸ ਨੂੰ ਕਤਲ ਕੀਤਾ ਗਿਆ । ਧਰਮ ਦੀ ਵਿਰੋਧਤਾ ਬਾਰੇ ਇਕੱ ਤੀਜੀ ਗਲੱ ਹੈ । ਇਬਨੇ ਸਅਦ ਦੇ ਨਜ਼ਦੀਕ ਅਬੂ ਇਫ਼ਕ ਯਹੂਦੀ ਸੀ । ਜਦੋਂ ਕਿ ਵਾਕਦੀ ਦੇ ਨਜ਼ਦੀਕ ਇਹ ਯਹੂਦੀ ਨਹੀਂ ਸੀ । ਫ਼ਿਰ ਕਤਲ ਦੇ ਜ਼ਮਾਨੇ ਵਿਚੱ ਵੀ ਵਿਰੋਧਤਾ ਹੈ : ਵਾਕਦੀ ਅਤੇ ਇਬਨੇ ਸਅਦ ਦੇ ਨਜ਼ਦੀਕ ਇਹ ਕਿੱਸਾ ਅਸਮਾ ਬਿਨਤੇ ਮਰਵਾਨ ਦੇ ਕਤਲ ਦੇ ਬਾਦ ਦਾ ਕਿੱਸਾ ਹੈ । ਜਦੋਂ ਕਿ ਇਬਨੇ ਇਸਹਾਕ ਅਤੇ ਇਬਨੇ ਹੱਸ਼ਾਮ ਆਦਿ ਦੇ ਨਜ਼ਦੀਕ ਇਹ ਕਿੱਸਾ ਅਸਮਾ ਦੇ ਕਤਲ ਤੋਂ ਪਹਿਲਾਂ ਦਾ ਹੈ । ਇਹਨਾਂ ਸਪਸ਼ਟ ਵਿਰੋਧਤਾਵਾਂ ਤੋਂ ਵੀ ਪ੍ਰਕਟ ਹੈ ਕਿ ਇਹ ਕੇਵਲ ਮੰਨਘੜ੍ਹਤ ਅਤੇ ਜਾਲੀ ਕਿੱਸਾ ਹੈ । ਹਕੀਕਤ ਕੋਈ ਨਹੀਂ ।

ਜੇਕਰ ਅਬੂ ਇਫ਼ਕ ਦਾ ਕਤਲ ਹੋਣਾ ਮੰਨ ਵੀ ਲਿਆ ਜਾਵੇ ਤਾਂ ਉਸ ਦੇ ਹੋਰ ਜੁਰਮ, ਰਿਯਾਸਤ ਦੇ ਸਰਦਾਰ ਨੂੰ ਕਤਲ ਕਰਨ ਉੱਤੇ ਉਕਸਾਉਣਾ, ਬੇਇਜ਼ੱਤੀ ਵਾਲੀ ਕਵਿਤਾ ਕਹਿ ਕਿ ਜੰਗ ਲਈ ਉਭਾਰਨਾ, ਆਮ ਅਮਨ ਨੂੰ ਖ਼ਤਰੇ ਵਿਚੱ ਪਾਉਣਾ ਅਤੇ ਜੰਗ ਦੀ ਅਗੱ ਭੜਕਾਉਣਾ ਹੀ ਮੌਤ ਦੀ ਸਜ਼ਾ ਲਈ ਕਾਫ਼ੀ ਹਨ ਜਿੰਨ੍ਹਾਂ ਉੱਤੇ ਅਜੱ ਕਲ੍ਹ ਵੀ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ, ਜਦੋਂਕਿ ਸਰਕਾਰ ਦੇ ਖ਼ਿਲਾਫ਼ ਬਗ਼ਾਵਤ ਸਾਬਤ ਹੋ ਜਾਵੇ । ਕੇਵਲ ਗਾਲਾਂ ਕਢ੍ਹਣਾ, ਇਸ ਕਤਲ ਦਾ ਕਾਰਨ ਨਹੀਂ ਹੋ ਸਕਦਾ । ਇੰਞ ਹੀ ਅਸਮਾ ਦੇ ਕਿੱਸੇ ਵਾਂਗ ਇੱਥੇ ਵੀ ਅਬੂ ਇਫ਼ਕ ਦੇ ਕਤਲ ਦੇ ਬਾਦ ਯਹੂਦ ਦੀ ਕੋਈ ਪ੍ਰਤਿਕਿਰਿਆ ਸਾਬਤ ਨਹੀਂ ਹੈ । ਸੋ, ਉਹਨਾਂ ਦਾ ਚੁਪੱ ਰਹਿਣਾ ਇਸ ਕਿੱਸੇ ਦੇ ਝੂੱਠੇ ਹੋਣ ਉੱਤੇ ਮਜ਼ਬੂਤ ਦਲੀਲ ਹੈ ।

ਇਹ ਗਲੱ ਵੀ ਯਾਦ ਰਖੱਣ ਯੋਗ ਹੈ ਕਿ ਇਹਨਾਂ ਕਿਸਿੱਆਂ ਦਾ ਜ਼ਮਾਨਾ ਜੰਗੇ ਬਦਰ ਤੋਂ ਪਹਿਲੇ ਜਾਂ ਬਿਲਕੁਲੱ ਬਾਦ ਦਾ ਬਿਆਨ ਕੀਤਾ ਜਾਂਦਾ ਹੈ ਅਤੇ ਸਾਰੇ ਇਤਿਹਾਸਕਾਰਾਂ ਦੀ ਸਹਿਮਤੀ ਹੈ ਕਿ ਮੁਸਲਮਾਨਾਂ

ਅਤੇ ਯਹੂਦੀਆਂ ਦੀ ਪਹਿਲੀ ਝੜਪ ਗ਼ਜ਼ਵਾਹ ਬਨੂ ਕੈਨਕਆ ਹੈ । ਜੇਕਰ ਬਦਰ ਤੋਂ ਪਹਿਲਾਂ ਵੀ ਕੋਈ ਕਿੱਸਾ ਹੁੰਦਾ ਤਾਂ ਉਹ ਇਸ ਦੇ ਹੇਠਾਂ ਜ਼ਰੂਰ ਦਰਜ ਕਰਦੇ ਅਤੇ ਯਹੂਦ, ਅਬੂ ਇਫ਼ਕ ਅਤੇ ਅਸਮਾ ਦੇ ਕਤਲ ਦੇ ਕਿੱਸਿਆਂ ਦੇ ਆਧਾਰ ਉੱਤੇ ਮੁਸਲਮਾਨਾਂ ਉੱਤੇ ਇਹ ਆਰੋਪ ਲਾ ਸਕਦੇ ਸਨ ਕਿ ਮੁਸਲਮਾਨਾਂ ਨੇ ਅਮਲੀ ਛੇੜ ਛਾੜ ਵਿਚੱ ਉਹਨਾਂ ਨਾਲ ਪਹਿਲ ਕੀਤੀ ਸੀ । ਪਰ ਕਿਸੇ ਇਤਿਹਾਸ ਵਿਚੱ, ਇੱਥੇ ਤਕੱ ਕਿ ਉਹਨਾਂ ਇਤਿਹਾਸਕਾਰਾਂ ਦੀ ਕਿਤਾਬਾਂ ਵਿਚੱ ਵੀ ਜਿੰਨਾਂ ਨੇ ਇਹ ਕਿੱਸੇ ਰਵਾਯਤ ਕੀਤੇ ਹਨ, ਬਿਲਕੁਲੱ ਵੀ ਇਹ ਜ਼ਿਕਰ ਮੌਜੂਦ ਨਹੀਂ ਕਿ ਮਦੀਨਾ ਦੇ ਯਹੂਦ ਨੇ ਇਹਨਾਂ ਕਿੱਸਿਆਂ ਨੂੰ ਲੈ ਕੇ ਕਦੇ ਕੋਈ ਅਜਿਹਾ ਪ੍ਰਸ਼ਨ ਚੁਕਿੱਆ ਹੋਵੇ ਜਾਂ ਇਹਨਾਂ ਕਿੱਸਿਆਂ ਸੰਬੰਧੀ ਰੌਲਾ ਪਾਇਆ ਹੋਵੇ । ਜੇਕਰ ਕਿਸੇ ਨੂੰ ਖ਼ਿਆਲ ਆਵੇ ਕਿ ਖ਼ਬਰੇ ਉਹਨਾਂ ਨੇ ਆਰੋਪ ਲਾਇਆ ਹੋਵੇ । ਪਰ ਮੁਸਲਮਾਨ ਇਤਾਸਕਾਰਾਂ ਨੇ ਇਸ ਦਾ ਜ਼ਿਕਰ ਨ ਕੀਤਾ ਹੋਵੇ ਤਾਂ ਇਹ ਇਕੱ ਗ਼ਲਤ ਅਤੇ ਵਿਅਰਥ ਆਰੋਪ ਹੋਵੇਗਾ । ਕਿਉਂਕਿ ਕਦੇ ਕਿਸੇ ਮੁਸਲਮਾਨ ਮੁਹਦਿੱਸ (ਹਦੀਸ ਬਿਆਨ ਕਰਨ ਵਾਲਾ) ਜਾਂ ਇਤਿਹਾਸਕਾਰ ਨੇ ਵਿਰੋਧੀਆਂ ਦੇ ਕਿਸੇ ਆਰੋਪ ਉੱਤੇ ਪਰਦਾ ਨਹੀਂ ਪਾਇਆ । ਸੋ, ਜੇਕਰ ਇਸ ਮੌਕੇ ਉੱਤੇ ਵੀ ਯਹੂਦੀਆਂ ਵੱਲੋਂ ਕੋਈ ਆਰੋਪ ਹੁੰਦਾ ਤਾਂ ਇਤਿਹਾਸ ਇਸ ਦੇ ਜ਼ਿਕਰ ਤੋਂ ਖ਼ਾਲੀ ਨ ਰਹਿੰਦਾ । ਜਿਸ ਪਾਸਿਓਂ ਵੀ ਵੇਖਾ ਜਾਵੇ ਇਹ ਕਿੱਸੇ ਸਹੀ ਸਾਬਤ ਨਹੀਂ ਹੁੰਦੇ ਅਤੇ ਇੰਝ ਲਗੱਦਾ ਹੈ ਕਿ ਜਾਂ ਤਾਂ ਕਿਸੇ ਲੁਕਵੇ ਵਿਰੋਧੀ ਨੇ ਕਿਸੇ ਮੁਸਲਮਾਨ ਵੱਲੋਂ ਇਹ ਕਿੱਸੇ ਬਿਆਨ ਕਰ ਦਿੱਤੇ ਹਨ ਅਤੇ ਫ਼ਿਰ ਉਹ ਮੁਸਲਮਾਨਾਂ ਦੀ ਰਵਾਯਤਾਂ ਵਿਚੱ ਦਾਖ਼ਲ ਹੋ ਗਏ ਅਤੇ ਜਾਂ ਕਿਸੇ ਕਮਜ਼ੋਰ ਮੁਸਲਮਾਨ ਨੇ ਆਪਣੇ ਕਬੀਲੇ ਵਲੱ ਇਹ ਝੂੱਠਾ ਮਾਣ ਜੋੜ ਲਿਆ ਹੋਵੇ ਕਿ ਉਸ ਨਾਲ ਸੰਬੰਧ ਰਖੱਣ ਵਾਲੇ ਬੰਦੀਆਂ ਨੇ ਕੁਝੱ ਦੁਖੱ ਦੇਣ ਵਾਲੇ ਵਿਰੋਧੀਆਂ ਨੂੰ ਕਤਲ ਕੀਤਾ ਸੀ । ਇਹ ਰਵਾਯਤਾਂ ਇਤਿਹਾਸ ਵਿਚੱ ਦਾਖ਼ਲ ਕਰ ਦਿੱਤੀ ਗਈਆਂ । (ਅੱਲਾ ਵਧੱ ਜਾਣਦਾ)

ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਨੇ ਅਸਮਾ ਅਤੇ ਅਬੂ ਇਫ਼ਕ ਦੇ ਕਤਲ ਦੇ ਝੂੱਠੇ ਕਿੱਸਿਆਂ ਦਾ ਜ਼ਿਕਰ ਕਰਦੇ ਹੋਏ ਸੀਰਤ ਖ਼ਾਤਮੁਨੰਬੀਯੀਨ ਵਿਚੱ ਬਿਆਨ ਫ਼ਰਮਾਇਆ ਹੈ ਕਿ ਬਦਰ ਦੀ ਜੰਗ ਦੇ ਬਾਦ ਵਾਕਦੀ ਅਤੇ ਕੁਝੱ ਹੋਰ ਇਤਿਹਾਸਕਾਰਾਂ ਨੇ ਦੋ ਅਜਿਹੇ ਕਿੱਸੇ ਦਰਜ ਕੀਤੇ ਹਨ । ਜਿੰਨਾਂ ਦਾ ਹਦੀਸ ਅਤੇ ਰਵਾਯਤ ਅਤੇ ਇਤਿਹਾਸ ਦੀ ਸਹੀ ਕਿਤਾਬਾਂ ਵਿਚੱ ਨਾਂ ਵੀ ਨਹੀਂ ਮਿਲਦਾ ਅਤੇ ਦਰਾਯਤ ਵੀ ਗ਼ੌਰ ਕਰੀਏ ਤਾਂ ਸਹੀ ਸਾਬਤ ਨਹੀਂ ਹੁੰਦੀ । ਪਰ ਕਿਉਂਕਿ ਉਹਨਾਂ ਤੋਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਖ਼ਿਲਾਫ਼ ਇਕੱ ਪ੍ਰਕਟ ਸ਼ਕਲ ਆਰੋਪ ਦੀ ਪੈਦਾ ਹੋ ਜਾਂਦੀ ਹੈ । ਇਸ ਲਈ ਕੁਝੱ ਈਸਾਈ ਇਤਿਹਾਸਕਾਰਾਂ ਨੇ ਆਦਤ ਅਨੁਸਾਰ ਬਹੁਤ ਮੰਦੀ ਸ਼ਕਲ ਵਿਚੱ ਇਹਨਾਂ ਦਾ ਜ਼ਿਕਰ ਕੀਤਾ ਹੈ ।

ਪਹਿਲੀ ਦਲੀਲ ਜੋ ਇਹਨਾਂ ਦੀ ਸਿਹਤ ਉੱਤੇ ਸ਼ਕੱ ਪੈਦਾ ਕਰਦੀ ਹੈ । ਇਹ ਹੈ ਕਿ ਹਦੀਸ ਦੀਆਂ ਕਿਤਾਬਾਂ ਵਿਚੱ ਇਹਨਾਂ ਕਿੱਸਿਆਂ ਦਾ ਜ਼ਿਕਰ ਨਹੀਂ ਪਾਇਆ ਜਾਂਦਾ । ਸਗੋਂ ਹਦੀਸ ਤਾਂ ਅਲਗ ਰਹੀ । ਕੁਝੱ ਇਤਿਹਾਸਕਾਰਾਂ ਨੇ ਵੀ ਉਹਨਾਂ ਦਾ ਜ਼ਿਕਰ ਨਹੀਂ ਕੀਤਾ । ਜਦੱ ਕਿ ਜੇਕਰ ਇਸ ਕਿਸਮ ਦੇ ਕਿੱਸੇ ਸੱਚੋ ਸੱਚੀ ਹੋਏ ਹੁੰਦੇ ਤਾਂ ਕੋਈ ਕਾਰਨ ਨਹੀਂ ਸੀ ਕਿ ਹਦੀਸ ਦੀਆਂ ਕਿਤਾਬਾਂ ਅਤੇ ਕੁਝੱ ਇਤਿਹਾਸ ਦੀਆਂ ਕਿਤਾਬਾਂ ਉਹਨਾਂ ਦੇ ਜ਼ਿਕਰ ਤੋਂ ਖ਼ਾਲੀ ਹੁੰਦੀਆਂ । ਇੱਥੇ ਇਹ ਸ਼ਕੱ ਨਹੀਂ ਕੀਤਾ ਜਾ ਸਕਦਾ ਕਿ ਕਿਉਂਕਿ ਇਹਨਾਂ

ਕਿਸੱਿਆਂ ਤੋਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਅਤੇ ਆਪ ਦੇ ਸਹਾਬੀਆਂ ਦੇ ਖ਼ਿਲਾਫ਼ ਇਕੱ ਆਰੋਪ ਲਗਦਾ । ਇਸ ਲਈ ਮੁਹਦਿੱਸਾਂ ਅਤੇ ਇਤਿਹਾਸਕਾਰਾਂ ਨੇ ਉਹਨਾਂ ਦਾ ਜ਼ਿਕਰ ਛਡੱ ਦਿੱਤਾ ਹੋਵੇਗਾ । ਕਿਉਂਕਿ ਪਹਿਲਾ ਤਾਂ ਇਹ ਕਿੱਸੇ ਉਹਨਾਂ ਹਾਲਾਤਾਂ ਨੂੰ ਧਿਆਨ ਵਿਚੱ ਰਖੱਦੇ ਹੋਏ, ਜਿੰਨਾਂ ਵਿਚੱ ਉਹ ਘਟਿਤ ਹੋਏ ਆਰੋਪ ਯੋਗ ਨਹੀਂ ਹਨ । ਦੂਜੇ ਜੋ ਵਿਅਕਤੀ ਹਦੀਸ ਅਤੇ ਇਤਿਹਾਸ ਦਾ ਮਾਮੂਲੀ ਵੀ ਗਿਆਨ ਰਖੱਦਾ ਹੈ ਉਸ ਤੋਂ ਇਹ ਗਲੱ ਲੁਕਵੀਂ ਨਹੀਂ ਰਹੀ ਸਕਦੀ ਕਿ ਮੁਸਲਮਾਨ ਇਤਿਹਾਸਕਾਰਾਂ ਅਤੇ ਮੁਹਦਿੱਸਾਂ ਨੇ ਕਦੇ ਕਿਸੇ ਰਵਾਯਤ ਦੇ ਜ਼ਿਕਰ ਨੂੰ ਕੇਵਲ ਇਸ ਆਧਾਰ ਉੱਤੇ ਤਰਕ ਨਹੀਂ ਕੀਤਾ ਕਿ ਉਸ ਤੋਂ ਇਸਲਾਮ ਅਤੇ ਇਸਲਾਮ ਦੇ ਸੰਸਥਾਪਕ ਉੱਤੇ ਆਰੋਪ ਆਉਂਦਾ ਹੈ । ਜਿਸ ਦਾ ਕਾਰਨ ਇਹ ਹੈ ਕਿ ਉਹਨਾਂ ਦਾ ਤਰੀਕ ਸੀ ਕਿ ਜਿਸ ਗਲੱ ਨੂੰ ਵੀ ਉਹ ਰਵਾਯਤ ਅਨੁਸਾਰ ਸਹੀ ਪਾਉਂਦੇ । ਉਸ ਨੂੰ ਨਕਲ ਕਰਨ ਵਿਚੱ ਉਹ ਉਸ ਦੇ ਮਜ਼ਮੂਨ ਕਰਕੇ ਕਦੇ ਕੋਈ ਦੇਰੀ ਨਹੀਂ ਕਰਦੇ ਸਨ ।

ਹਜ਼ੂਰ ਨੇ ਫ਼ਰਮਾਇਆ ਇਹ ਸਭ ਮੰਨਘੜ੍ਹਤ ਕਹਾਣੀਆਂ ਹਨ । ਜੋ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨਾਲ ਜੋੜ੍ਹਿਆਂ ਗਈਆਂ ਹਨ । ਇਹਨਾਂ ਇਤਿਹਾਸਕਾਰਾ ਨੇ ਤਾਂ ਜੋ ਲਿਖਿੱਆ, ਬਾਦ ਵਿਚੱ ਚਾਹਿਦਾ ਤਾਂ ਇਹ ਸੀ ਕਿ ਉਸ ਦੀ ਸਹੀ ਢੰਗ ਨਾਲ ਪੜਚੋਲ ਕੀਤੀ ਜਾਂਦੀ । ਇਹ ਰਬੱ ਦਾ ਸ਼ੁਕਰ ਅਤੇ ਮਿਹਰ ਹੈ ਕਿ ਸਾਨੂੰ ਉਸ ਨੇ ਜ਼ਮਾਨੇ ਦੇ ਈਮਾਮ ਨੂੰ ਮੰਨਣ ਦੀ ਤੌਫ਼ੀਕ ਬਖ਼ਸ਼ੀ ਅਤੇ ਹਰ ਗਲੱ ਨੂੰ ਅਸੀਂ ਵੇਖ ਕੇ, ਪਰਖ ਕੇ ਅਤੇ ਉਸ ਦੀ ਹਕੀਕਤ ਨੂੰ ਸਮਝ ਕੇ ਫ਼ਿਰ ਬਿਆਨ ਕਰਨ ਦੀ ਕੋਸ਼ਿਸ ਕਰਦੇ ਹਨ ਅਤੇ ਕੋਈ ਵੀ ਆਰੋਪ ਜੋ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜ਼ਾਤ ਉੱਤੇ ਆਉਂਦਾ ਹੋਵੇ । ਉਸ ਨੂੰ ਰਦੱ ਕਰਨ ਦੀ ਕੋਸ਼ਿਸ਼ ਕਰਦੇ ਹਨ । ਰਬੱ ਇਹਨਾਂ ਮੌਲਵੀਆਂ ਨੂੰ ਵੀ ਅਕਲ ਦੇਵੇ । ਜੋ ਅਜਿਹੀਆਂ ਗੱਲਾਂ ਨੂੰ ਫ਼ੈਲਾ ਕੇ ਕੇਵਲ ਆਪਣੇ ਲਾਭ ਪ੍ਰਾਪਤ ਕਰਦੇ ਹਨ ਅਤੇ ਇਸਲਾਮ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ । ਕਹਿਣ ਨੂੰ ਤਾਂ ਇਕੱ ਪਾਸੇ ਇਸਲਾਮ ਦੀ ਸੇਵਾ ਕਰ ਰਹੇ ਹਨ । ਪਰ ਹਕੀਕਤ ਵਿਚੱ ਉਹਨਾਂ ਦੇ ਅਮਲ ਹੀ ਹਨ । ਜਿੰਨ੍ਹਾਂ ਨੇ ਉਹਨਾਂ ਵਿਚੱ ਕੜ੍ਹਤਾ ਪੈਦਾ ਕਰ ਦਿੱਤੀ ਹੈ । ਰਬੱ ਉਹਨਾਂ ਨੂੰ ਅਕਲ ਬਖ਼ਸ਼ੇ ।

ਹਜ਼ੂਰੇ ਅਨਵਰ ਨੇ ਅੰਤ ਵਿਚੱ ਪ੍ਰੋਫ਼ੈਸਰ ਡਾਕਟਰ ਨਾਸਿਰ ਅਹਮਦ ਖ਼ਾਨ ਸਾਹਿਬ ਪਰਵੈਜ਼ ਪਰਵਾਜ਼ੀ ਆਫ਼ ਕਨੈਡਾ, ਸ਼੍ਰੀਮਾਨ ਸ਼ਰੀਫ਼ ਅਹਮਦ ਭੱਟੀ ਸਾਹਿਬ ਆਫ਼ ਰਬਵਹ, ਪ੍ਰੋਫ਼ੈਸਰ ਅਬਦੁਲੱ ਕਾਦਰ ਡਾਹਰੀ ਸਾਹਿਬ ਪੂਰਵ ਅਮੀਰ ਜਮਾਅਤ ਅਹਮਦੀਆ ਜ਼ਿੱਲਾ ਨਵਾਬਸ਼ਾਹ ਅਤੇ ਪ੍ਰੋਫ਼ੈਸਰ ਡਾਕਟਰ ਮੁਹਮੱਦ ਸ਼ਰੀਫ਼ ਖ਼ਾਨ ਸਾਹਿਬ ਆਫ਼ ਅਮਰੀਕਾ ਦੇ ਆਕਾਲ ਚਲਾਣੇ ਉੱਤੇ ਉਹਨਾਂ ਦਾ ਜ਼ਿਕਰ ਕੀਤਾ ਅਤੇ ਜਮਾਅਤੀ ਸੇਵਾਵਾਂ ਦਾ ਜ਼ਿਕਰ ਕੀਤਾ ਅਤੇ ਨਮਾਜ਼ ਦੇ ਬਾਦ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਵੀ ਕੀਤਾ ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا
مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ
یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ
یَسْتَجِبْ لَکُمْ وَلَذِکْرُ اللّٰہِ اَکْبَرُ۔